# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 26 ਅਗਸਤ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕਨੇਡਾ ਐਬਸਫੋਰਡ ਵੱਲੋਂ ਸਲਾਨਾ ਸਮਾਗਮ 30 ਅਗਸਤ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 26 ਅਗਸਤ: ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕਨੇਡਾ ਐਬਸਫੋਰਡ (ਬੀਸੀ) ਵੱਲੋਂ ਆਪਣਾ ਸਲਾਨਾ ਸਮਾਗਮ 30 ਅਗਸਤ 2025 (ਸਨਿੱਚਰਵਾਰ) ਦੁਪਹਿਰ 2 ਵਜੇ ਤੋਂ ਮੈਟਸਕਿਊ ਸੈਂਟੇਨੀਅਲ ਆਡੀਟੋਰੀਅਮ (ਸਿਟੀ ਹਾਲ ਐਬਸਫੋਰਡ) ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸਕੱਤਰ ਸੁਰਿੰਦਰ ਚਾਹਲ ਨੇ ਦੱਸਿਆ ਹੈ ਕਿ ਇਹ ਸਮਾਗਮ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਤਰਕਸ਼ੀਲ ਆਗੂ ਡਾਕਟਰ ਬਲਜਿੰਦਰ ਸਿੰਘ ਸੇਖੋਂ ਦੀ ਯਾਦ ਨੂੰ ਸਮਰਪਿਤ ਹੋਵੇਗਾ।




ਇਸ ਸਮਾਗਮ ਵਿੱਚ ਲੇਖਕ ਤੇ ਨਿਰਦੇਸ਼ਕ ਡਾ. ਸੁਰਿੰਦਰ ਸ਼ਰਮਾ (ਲੋਕ ਕਲਾ ਮੰਚ ਮੰਡੀ ਮੁੱਲਾਂਪੁਰ) ਵੱਲੋਂ ਨਾਟਕ 'ਦੋ ਰੋਟੀਆਂ' ਖੇਡਿਆ ਜਾਵੇਗਾ, ਗੁਰਪ੍ਰੀਤ ਭਦੌੜ ਵੱਲੋਂ ਜਾਦੂ ਦੇ ਟਰਿੱਕ ਦਿਖਾਏ ਜਾਣਗੇ, ਕੋਰੀਓਗਰਾਫੀਆਂ ਹੋਣਗੀਆਂ ਅਤੇ ਅਗਾਂਹਵਧੂ ਗੀਤ ਸੰਗੀਤ ਹੋਵੇਗਾ। ਸਮਾਗਮ ਵਿੱਚ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਮੁੱਖ ਬੁਲਾਰੇ ਹੋਣਗੇ। ਸੁਰਿੰਦਰ ਚਾਹਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸਭ ਨੂੰ ਖੁੱਲ੍ਹਾ ਸੱਦਾ ਤੇ ਇਸ ਦੀ ਕੋਈ ਦਾਖਲਾ ਟਿਕਟ ਨਹੀਂ ਹੈ।

## ਅਕਾਲੀ ਦਲ ਅੰਮ੍ਰਿਤਸਰ ਵੱਲੋਂ ਖਡਿਆਲ ਪਿੰਡ ਵਿੱਚ ਪ੍ਰੋਗਰਾਮ 'ਚ ਸੰਜੂਮਾਂ ਤੇ ਬੀਬੀ ਜਖੇਪਲ ਤੇ ਦਿੜਬਾ ਹਲਕੇ ਦੀ ਜਥੇਬੰਦੀ ਦਾ ਵਿਸ਼ੇਸ਼ ਯੋਗਦਾਨ

ਵਰਲਡ ਪੰਜਾਬੀ ਟਾਈਮਜ਼



ਸੰਗਰੂਰ, 26 ਅਗਸਤ : ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਿੰਡ ਖਡਿਆਲ ਵਿਖੇ ਕਰਵਾਏ ਗਏ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਵਿੱਚ ਹਰਜੀਤ ਸਿੰਘ ਸੰਜੂਮਾਂ (ਸੀਨੀਅਰ ਐਡਜੈਕਟਿਵ ਮੈਂਬਰ ਪੰਜਾਬ, ਹਲਕਾ ਇੰਚਾਰਜ ਦਿੜਬਾ) ਅਤੇ ਬੀਬੀ ਬਲਜੀਤ ਕੌਰ ਜਖੇਪਲ (ਜ਼ਿਲਾ ਪ੍ਰਧਾਨ ਇਸਤਰੀ ਵਿੰਗ ਸੰਗਰੂਰ) ਵੱਲੋਂ ਤੇ ਸੰਗਰੂਰ ਜਥੇਬੰਦੀ ਵੱਲੋਂ ਅਣਥੱਕ ਮਿਹਨਤ ਕੀਤੀ ਗਈ। ਇਸ ਮੌਕੇ ਦੋਵੇਂ ਆਗੂਆਂ ਨੇ ਇਕੱਤਰਤਾ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਅਤੇ ਸਮੂਹ ਪਾਰਟੀ ਵਰਕਰਾਂ ਦੇ ਨਾਲ-ਨਾਲ ਸੰਗਰੂਰ ਦੇ ਵੱਖ-ਵੱਖ ਪਿੰਡਾਂ ਤੋਂ ਪਹੁੰਚੀ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਹਰਜੀਤ ਸਿੰਘ ਸੰਜੂਮਾਂ ਨੇ ਕਿਹਾ ਕਿ ਪਿੰਡ ਪੱਧਰ 'ਤੇ ਲੋਕਾਂ ਦੇ ਸਹਿਯੋਗ ਨਾਲ ਹੀ ਜਥੇਬੰਦੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਜਦੋਂ ਕਿ ਬੀਬੀ ਬਲਜੀਤ ਕੌਰ ਜਖੇਪਲ ਨੇ ਇਸਤਰੀ ਵਿੰਗ ਦੀ ਭੂਮਿਕਾ ਉੱਤੇ ਰੌਸ਼ਨੀ ਪਾਈ ਤੇ ਕਿਹਾ ਕਿ ਮਹਿਲਾਵਾਂ ਦੀ ਭਾਗੀਦਾਰੀ ਅੰਦੋਲਨਾਂ ਨੂੰ ਹੌਂਸਲਾ ਦਿੰਦੀ ਹੈ। ਪਾਰਟੀ ਨੇਤਾਵਾਂ ਨੇ ਆਉਣ ਵਾਲੇ ਸਮੇਂ ਵਿੱਚ ਹੋਰ ਵੱਡੇ ਪ੍ਰੋਗਰਾਮਾਂ ਦੀਆਂ ਤਿਆਰੀਆਂ ਕਰਨ ਦਾ ਭਰੋਸਾ ਦਿਵਾਇਆ ਤੇ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲੜਨ ਲਈ ਵੀ ਨੌਜਵਾਨਾਂ ਤੇ ਬੀਬੀਆਂ ਨੂੰ ਬੇਨਤੀ ਕੀਤੀ।

## ਸਰਬਪੱਖੀ ਪੇਂਡੂ ਵਿਕਾਸ ਵਿੱਚ ਲਾਇਬਰੇਰੀਆਂ ਦੀ ਹਿੱਸੇਦਾਹੀ ਵਧਾ ਰਹੇ ਹਾਂ— ਤਰੁਣਪ੍ਰੀਤ ਸਿੰਘ ਸੌਂਦ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾঃ 26 ਅਗਸਤ : ਪੰਜਾਬ ਦੇ ਸੱਭਿਆਚਾਰਕ ਮਾਮਲੇ,ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਪੰਜਾਬ ਦੇ ਸਰਬਪੱਖੀ ਪੇਂਡੂ ਵਿਕਾਸ ਵਿੱਚ ਲਾਇਬਰੇਰੀਆਂ ਦੀ ਹਿੱਸੇਦਾਹੀ ਵਧਾ ਰਹੇ ਹਾਂ ਤਾਂ ਜੋ ਸ਼ਬਦ ਸੱਭਿਆਤਾਰ ਦੀ ਉਸਾਰੀ ਕਰਕੇ ਨੌਜਵਾਨਾਂ ਨੂੰ ਚੰਗੀ ਸੋਚ ਧਾਰਾ ਦੇ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚ ਲਾਇਬਰੇਰੀਆਂ ਤੇ ਖੇਡ ਢਾਂਚਾ ਉਸਾਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਆਪਣੇ ਵਿਧਾਨ ਸਭਾ ਹਲਕਾ ਖੰਨਾ ਵਿੱਚ ਉਹ ਹਰ ਸਾਲ ਪੰਜ ਪੰਜ ਪੇਂਡੂ ਲਾਇਬਰੇਆਂ ਖੋਲ੍ਹ ਰਹੇ ਹਨ। ਖੇਡ ਢਾਂਚੇ ਵੱਲ ਵੀ ਮਾਣਯੋਗ ਮੁੱਖ ਮੰਤਰੂ ਸ. ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ ਨਿਰਦੇਸ਼ ਹੇਠ ਖੇਡ ਮੈਦਾਨਾਂ ਲਈ ਵਿਸ਼ੇਸ਼ ਗਰਾਂਟ ਜਾਰੀ ਕੀਤੀ ਜਾ ਰਹੀ ਹੈ।
ਸ.ਤਰੁਣਪ੍ਰੀਤ ਸਿੰਘ ਸੌਂਦ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਗ੍ਰਹਿ ਵਿਖੇ ਪੰਜਾਬ ਦੇ ਵਿਰਸੇ ਦੀ ਸੰਭਾਲ, ਵਿਕਾਸ ਅਤੇ ਪੇਂਡੂ ਵਿਕਾਸ ਯੋਜਨਾਵਾਂ ਦੇ ਸੱਭਿਆਚਾਰ ਨਾਲ ਸੁਮੇਲ ਸੰਬੰਧੀ ਵਿਚਾਹ ਵਟਾਂਦਰਾ ਕਰਨ ਆਏ ਸਨ। ਉਨ੍ਹਾਂ ਉੱਘੇ ਕਲਾਕਾਰ ਤੇ ਪ੍ਰੋ. ਗਿੱਲ ਦੇ ਨਿਕਟਵਰਤੀ ਡਾ. ਜਸਵਿੰਦਰ ਭੱਲਾ ਦੇ ਦੇਹਾਂਤ ਦਾ ਵੀ ਅਫ਼ਸੋਸ ਪ੍ਰਗਟਾਇਆ।
ਇਸ ਮੈਕੇ ਲੁਧਿਆਣਾ ਨਗਰ ਨਿਗਮ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਤੇ ਉਨ੍ਹਾਂ ਨਾਲ ਆਏ ਪਤਵੰਤੇ ਸੱਜਣਾਂ ਨੂੰ ਆਪਣੀਆਂ ਲਿਖੀਆਂ ਤੇ ਸੰਪਾਦਿਤ ਪੁਸਤਕਾਂ ਅੱਖਰ ਅੱਖਰ, ਗੁਲਨਾਰ, ਮੇਰ ਪੰਖ, ਕਿਸਾਨ ਮੋਰਚੇ ਨਾਲ ਸਬੰਧਿਤ ਕਵਿਤਾਵਾਂ ਦੀ ਸੰਪਾਦਿਤ ਪੁਸਤਕ ਧਰਤਿ ਵੰਗਾਰੇ ਤਖ਼ਤ ਨੂੰ ਅਤੇ ਡਾ. ਸੁਖਦੇਵ ਸਿੰਘ ਸਿਰਸਾ ਵੱਲੋਂ ਸੰਪਾਦਿਤ ਪੁਸਤਕ "ਗਦਹੀ ਬਾਬਾ ਗੇਂਦਾਂ ਸਿੰਘ ਦੌਧਕਰ ਦੀ ਜੀਵਨੀ" ਦਾ ਸੈੱਟ ਭੇਟ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪਿੰਡ ਪੱਧ ਤੇ ਬਣੀਆਂ ਲਾਇਬਰੇਰੀਆਂ ਦਾ ਹੀ ਪ੍ਰਤਾਪ ਹੈ ਕਿ ਮੈਂ ਪਚਵੰਜਾ ਸਾਲ ਪਹਿਲਾਂ ਪੜ੍ਹੀਆਂ ਕਿਤਾਬਾਂ ਸਹਾਰੇ ਅੱਜ ਸ਼ਬਦ ਸੱਭਿਆਚਾਰ ਵਿੱਚ ਥੋੜੀ ਬਹੁਤੀ ਪਛਾਣ ਰੱਖਦਾ ਹਾਂ। ਉਨ੍ਹਾਂ ਕਿਹਾ ਕਿ ਖੇਡ , ਸਾਹਿੱਤ ਤੇ ਸੱਭਿਆਚਾਰ ਦੇ ਨਾਇਕਾਂ ਦੇ ਨਾਮ ਤੇ ਪਿੰਡ ਪੰਚਾਇਤ ਲਾਇਬਰੇਰੀਆਂ ਅਤੇ ਖੇਡ ਢਾਂਚੇ ਉਸਾਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੇਂਡੂ ਲਾਇਬਰੇਰੀਆਂ ਨੂੰ ਪੰਜਾਬੀ ਪ੍ਰਕਾਸ਼ਕਾਂ ਨਾਲ ਮਸ਼ਵਰਾ ਕਰਕੇ ਬਹੁਤ ਘੱਟ ਦਰਾਂ ਤੇ ਪੁਸਤਕਾਂ ਦਿਵਾਵਾਂਗੇ। ਚੇਤਨਾ ਪ੍ਰਕਾਸ਼ਨ ਦੇ ਸੰਚਾਲਕ ਸਤੀਸ਼ ਗੁਲਾਟੀ ਨੇ ਆਪਣੇ ਅਦਾਰੇ ਵੱਲੋਂ ਤੁਰੰਤ ਸਹਿਮਤੀ ਦਿੱਤੀ।

## ਬਾਬਾ ਫਰੀਦ ਆਗਮਨ-ਪੁਰਬ-2025ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ ਅਤੇ ਇੰਦਰਜੀਤ ਸਿੰਘ ਖਾਲਸਾ ਯਾਦਗਾਰੀ ਐਵਾਰਡ ਲਈ ਅਰਜ਼ੀਆਂ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 26 ਅਗਸਤ : ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਫਰੀਦਕੋਟ ਵਿਖੇ ਸੂਫ਼ੀ ਮੱਤ ਦੇ ਮੋਢੀ ਅਤੇ ਪੰਜਾਬੀ ਜ਼ੁਬਾਨ ਦੇ ਆਦਿ ਕਵੀ ਵਜੋਂ ਜਾਣੇ ਜਾਂਦੇ ਬਾਬਾ ਸ਼ੇਖ ਫ਼ਰੀਦ ਜੀ ਨੂੰ ਸਮਰਪਿਤ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਏ ਜਾ ਰਹੇ ਬਾਬਾ ਫਰੀਦ ਆਗਮਨ-ਪੁਰਬ ਦੌਰਾਨ ਜੋ ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ ਅਤੇ ਸ. ਇੰਦਰਜੀਤ ਸਿੰਘ ਖਾਲਸਾ ਯਾਦਗਰੀ ਐਵਾਰਡ ਜੋ ਕਿ ਕਲਾ, ਸਾਹਿਤ ਅਤੇ ਖੇਡਾਂ ਆਦਿ ਦੇ ਖੇਤਰ ਵਿੱਚ ਕੀਤੇ ਗਏ ਵਿਲੱਖਣ ਕਾਰਜਾਂ ਹਿੱਤ ਪ੍ਰਦਾਨ ਕੀਤਾ ਜਾਂਦਾ ਹੈ। ਉਸ ਸੰਬੰਧੀ ਗੁਰਦੁਆਰਾ ਗੌਦੜੀ ਸਾਹਿਬ ਫਰੀਦਕੋਟ ਅਤੇ ਟਿੱਲਾ ਬਾਬਾ ਫਰੀਦ ਰੀਲੀਜੀਅਸ ਅਤੇ ਚੈਰੀਟੇਬਲ ਸੁਸਾਇਟੀ ਵੱਲੋਂ ਸ. ਸਿਮਰਜੀਤ ਸਿੰਘ ਸੇਖੋ ਪ੍ਰਧਾਨ ਜੀ ਦੀ ਪ੍ਰਧਾਨਗੀ ਹੇਠ ਦੋਨਾਂ ਐਵਾਰਡਾਂ ਲਈ ਅਰਜ਼ੀਆਂ ਦੀ ਮੰਗ ਸੰਬੰਧੀ ਮੀਟਿੰਗ ਬਾਬਾ ਫਰੀਦ ਲਾਅ ਕਾਲਜ਼ ਵਿਖੇ ਆਯੋਜਿਤ ਕੀਤੀ ਗਈ ਜਿਸ ਵਿੱਚ ਸ. ਚਰਨਜੀਤ ਸਿੰਘ ਸੇਖੋਂ, ਸ. ਦੀਪਇੰਦਰ ਸਿੰਘ ਸੇਖੋਂ, ਸ. ਗੁਰਜਾਪ ਸਿੰਘ ਸੇਖੋਂ, ਸ. ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ, ਸ. ਕੁਲਜੀਤ ਸਿੰਘ ਮੋਂਗੀਆ ਅਤੇ ਸ. ਨਰਿੰਦਰ ਪਾਲ ਸਿੰਘ ਬਰਾੜ ਮੈਂਬਰਜ਼ ਵੀ ਸ਼ਾਮਿਲ ਸਨ। ਇਹਨਾਂ ਐਵਾਰਡਾਂ ਲਈ ਚੋਣ ਬਹੁਤ ਬਰੀਕ ਛਾਨਣੀ ਰਾਹੀਂ ਇਕ ਲਾਜਮੀ ਪ੍ਰਕਿਰਿਆ ਰਾਹੀਂ ਕੀਤੀ ਜਾਂਦੀ ਰਹੀ ਹੈ। ਜਿਸ ਸਦਕਾ ਇਹਨਾਂ ਐਵਾਰਡਾਂ ਦੀ ਬਹੁਤ ਅਹਿਮੀਅਤ ਹੈ। ਉਹਨਾਂ ਕਿਹਾ ਕਿ ਸੁਸਾਇਟੀ ਵੱਲੋਂ ਇਹਨਾਂ ਐਵਾਰਡਾਂ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਇਹ ਅਰਜ਼ੀਆਂ 10 ਸਤੰਬਰ ਤੋਂ ਪਹਿਲਾਂ-ਪਹਿਲਾਂ ਬਾਬਾ ਫ਼ਰੀਦ ਪਬਲਿਕ ਸਕੂਲ, ਹਰਿੰਦਰਾ ਨਗਰ ਫਰੀਦਕੋਟ ਦੇ ਦਫ਼ਤਰ ਵਿਖੇ ਜਾਂ ਈ-ਮੇਲ ਰਾਹੀਂ tillababafaridfaridkot@gmail.com 'ਤੇ ਭੇਜੀਆਂ ਜਾਣ। ਉਪਰੋਕਤ ਅਰਜ਼ੀਆਂ ਵਿਅਕਤੀਆਂ ਜਾਂ ਸੰਸਥਾਵਾਂ ਵੱਲੋਂ ਖੁਦ ਵੀ ਦਿੱਤੀਆਂ ਜਾ ਸਕਦੀਆਂ ਹਨ ਜਾਂ ਫੇਰ ਕਿਸੇ ਦੂਸਰੇ ਵਿਅਕਤੀ ਵੱਲੋਂ ਵੀ ਕਿਸੇ ਵਿਅਕਤੀ ਜਾਂ ਸੰਸਥਾ ਬਾਰੇ ਅਰਜ਼ੀ ਭੇਜੀ ਜਾ ਸਕਦੀ ਹੈ ਪਰ ਅਰਜ਼ੀ 2 ਵਿਅਕਤੀਆਂ ਵੱਲੋਂ ਤਸਦੀਕਸ਼ੁਦਾ ਹੋਣੀ ਲਾਜ਼ਮੀ ਹੈ। ਉਹਨਾਂ ਦੱਸਿਆ ਕਿ ਮੇਲੇ ਦੇ ਆਖਰੀ ਦਿਨ 23 ਸਤੰਬਰ, ਦਿਨ ਮੰਗਲਵਾਰ ਨੂੰ ਨਗਰ-ਕੀਰਤਨ ਗੁਰਦੁਆਰਾ ਗੋਦੜੀ ਸਾਹਿਬ ਪਹੁੰਚਣ ਉਪਰੰਤ ਦੀਵਾਨ ਹਾਲ ਵਿੱਚ ਸੰਗਤਾਂ ਦੀ ਹਾਜਰੀ ਵਿੱਚ ਇਹ ਐਵਾਰਡ ਪ੍ਰਦਾਨ ਕੀਤੇ ਜਾਣਗੇ। ਅੰਤ ਵਿੱਚ ਬਾਬਾ ਫ਼ਰੀਦ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਅਤੇ ਸਮੂਹ ਕਮੇਟੀ-ਮੈਂਬਰਾਂ ਨੇ ਦੇਸ਼-ਵਿਦੇਸ਼ ਵਿੱਚ ਵਸਦੀਆਂ ਸਮੂਹ ਸੰਗਤਾਂ ਨੂੰ ਇਸ ਆਗਮਨ-ਪੁਰਬ ਵਿੱਚ ਹੁੰਮ-ਹੁਮਾ ਕੇ ਪਹੁੰਚਣ ਅਤੇ ਬਾਬਾ ਫ਼ਰੀਦ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

## ਇੰਡੋ-ਕਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਦੇ ਮੈਂਬਰਾਂ ਨੇ ਲਾਇਆ ਤੀਜਾ ਪਿਕਨਿਕ ਟੂਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 26 ਅਗਸਤ : ਇੰਡੋ-ਕਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਦੇ ਮੈਂਬਰਾਂ ਨੇ ਬੀਤੇ ਦਿਨੀਂ ਇਸ ਸਾਲ ਦਾ ਤੀਜਾ ਪਿਕਨਿਕ ਟੂਰ ਲਾਇਆ। ਇਸ ਟੂਰ ਦੌਰਾਨ ਹੈਰੀਸਨ ਹੌਟ ਸਪਰਿੰਗ ਵਿਖੇ ਪਹੁੰਚ ਕੇ ਸਾਰੇ ਮੈਂਬਰਾਂ ਨੇ ਖੁਸ਼ੀਆਂ ਭਰੇ ਮਾਹੌਲ ਦਾ ਆਨੰਦ ਮਾਣਿਆਂ। ਸੈਂਟਰ ਦੇ ਸਕੱਤਰ ਹਰਚੰਦ ਸਿੰਘ ਅੱਚਰਵਾਲ ਨੇ ਦੱਸਿਆ ਹੈ ਕਿ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ 56 ਮੈਂਬਰ ਇਕ ਸ਼ਾਨਦਾਰ ਏ.ਸੀ. ਬੱਸ ਰਾਹੀਂ ਸਵੇਰੇ ਸੈਂਟਰ ਤੋਂ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਰਵਾਨਾ ਹੋਏ। ਹਰਚੰਦ ਸਿੰਘ ਗਿੱਲ ਨੇ ਰਸਤੇ ਵਿੱਚ ਪਿਆਰੇ ਗੀਤ-ਸੰਗੀਤ ਨਾਲ ਸਭ ਦਾ ਮਨੋਰੰਜਨ ਕੀਤਾ।



ਹੈਰੀਸਨ ਹੌਟ ਸਪਰਿੰਗ ਵਿਖੇ ਪਹੁੰਚ ਕੇ ਵੱਖ ਵੱਖ ਟੋਲੀਆਂ ਬਣਾ ਕੇ ਉਨ੍ਹਾਂ ਝੀਲ ਅਤੇ ਪਾਰਕ ਦੇ ਕੁਦਰਤੀ ਨਜ਼ਾਰਿਆਂ ਅਤੇ ਗਰਮ ਪਾਣੀ ਦੇ ਚਸ਼ਮਿਆਂ ਦਾ ਆਨੰਦ ਮਾਣਿਆਂ ਅਤੇ ਕੁਝ ਇਕ ਨੇ ਝੀਲ ਵਿੱਚ ਸਵਿਮਿੰਗ ਵੀ ਕੀਤੀ। ਉਪਰੰਤ ਪਾਰਕ ਵਿਚ ਰੰਗਾ-ਰੰਗ ਪ੍ਰੋਗਰਾਮ ਰਚਾਇਆ ਗਿਆ ਜਿਸ ਵਿਚ ਵਾਰੋ ਵਾਰੀ ਸਾਰਿਆਂ ਨੇ ਗੀਤਾਂ ਅਤੇ ਕਵਿਤਾਵਾਂ ਦੀ ਛਹਿਬਰ ਲਾਈ। ਫਿਰ ਬੱਸ ਵਿੱਚ ਪਿਆਰੇ ਗੀਤਾਂ ਦਾ ਅਨੰਦ ਮਾਣਦੇ ਹੋਏ ਸ਼ਾਮ ਨੂੰ ਵਾਪਸ ਸੀਨੀਅਰ ਸੈਂਟਰ ਪਹੁੰਚੇ। ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਇਸ ਟੂਰ ਨੂੰ ਆਨੰਦਮਈ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

## ਗਾਇਕਾ ਰਿੰਸੀ ਸ਼ੇਰਗਿੱਲ ਅਤੇ ਸਾਥੀਆਂ ਨੇ ਕੀਤੀ ਫਿਲਮ 'ਮਿਹਰ' ਦੀ ਪ੍ਰਮੋਸ਼ਨ

### ਅਦਾਕਾਰ ਵਜੋਂ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਵਿੱਚ ਦਿੱਸਣਗੇ ਰਾਜ ਕੁੰਦਰਾ

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮਾਂ

ਨੰਗਲ, 26 ਅਗਸਤ : ਮਸ਼ਹੂਰ ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਦੇ ਪਤੀ ਅਤੇ ਉੱਘੇ ਕਾਰੋਬਾਰੀ ਰਾਜ ਕੁੰਦਰਾ ਦੀ 05 ਸਤੰਬਰ ਨੂੰ ਰਿਲੀਜ਼ ਹੋਣ ਵਾਲ਼ੀ ਫਿਲਮ 'ਮਿਹਰ' ਅੱਜਕੱਲ੍ਹ ਖੂਬ ਚਰਚਾ ਵਿਚ ਹੈ। ਇਸੇ ਦੇ ਚਲਦਿਆਂ ਇਸ ਜੋੜੀ ਦੀ



ਸ਼ੁਭਚਿੰਤਕ ਅਤੇ ਪਰਿਵਾਰਕ ਦੋਸਤ ਰਿੰਸੀ ਸ਼ੇਰਗਿੱਲ ਵੱਲੋਂ ਆਪਣੇ ਸਾਥੀਆਂ ਨਾਲ਼ 'ਮਿਹਰ' ਦੀ ਪ੍ਰਮੋਸ਼ਨ ਕੀਤੀ ਗਈ ਤੇ ਖੁਸ਼ੀ ਵਿੱਚ ਲੱਡੂ ਵੰਡੇ। ਭਾਖੜਾ ਡੈਮ, ਨੰਗਲ ਵਿਖੇ ਸ਼ਹਿਰ ਦੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਫਿਲਮ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਕੁੰਦਰਾ ਪਰਿਵਾਰ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਰਣਜੀਤ ਸਿੰਘ ਮੱਟੂ ਐੱਮ.ਸੀ., ਅਨੂਪ ਅਰੋੜਾ (ਫਾਊਂਡਰ ਅਰੋੜਾ ਟਰੇਡਸ), ਸੁਖਵਿੰਦਰ ਸਿੰਘ ਐੱਸ.ਡੀ.ਓ. ਬਿਜਲੀ ਬੋਰਡ, ਡਾ. ਬ੍ਰਹਮ ਦੱਤ, ਸ਼ੁਭਾਸ਼ ਕਪਿਲਾ (ਫਾਊਂਡਰ ਕਪਿਲਾ ਬ੍ਰਦਰਸ) ਅਤੇ ਸੰਦੀਪ ਰਾਣਾ ਉਚੇਚੇ ਤੌਰ 'ਤੇ ਮੌਜੂਦ ਸਨ।

## ਪੁਆਧ ਪੰਜਾਬੀ ਸਾਹਿਤਕ ਬੈਠਕ, ਬਨੂੜ ਵੱਲੋਂ ਪ੍ਰਿੰਸੀਪਲ ਲਵਲੀ ਪੰਨੂ ਦਾ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮਾਂ



ਬਨੂੜ, 26 ਅਗਸਤ : ਐਤਵਾਰ ਨੂੰ ਸ.ਸ.ਸ.ਸ. ਸਕੂਲ ਬੂਟਾ ਸਿੰਘ ਵਾਲ਼ਾ ਵਿਖੇ ਪੁਆਧ ਪੰਜਾਬੀ ਸਾਹਿਤਕ ਬੈਠਕ ਦੌਰਾਨ ਖੂਬ ਰੌਣਕਾਂ ਲੱਗੀਆਂ। ਜਿਸ ਵਿੱਚ ਅੰਤਰ-ਰਾਸ਼ਟਰੀ ਪੁਆਧੀ ਮੰਚ, ਮੋਹਾਲੀ ਤੋਂ ਡਾ.ਗੁਰਮੀਤ ਸਿੰਘ ਬੈਦਵਾਣ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਵਿੱਚ ਪੁਆਧ ਖੇਤਰ, ਪੁਆਧੀ ਬੋਲੀ, ਰਹਿਣ-ਸਹਿਣ, ਰੀਤੀ-ਰਿਵਾਜ਼ਾਂ ਤੇ ਗੀਤਾਂ ਬਾਰੇ ਜਾਣਕਾਰੀ ਇੱਕਠੀ ਕਰਕੇ ਸੱਤ ਕਿਤਾਬਾਂ ਪੁਆਧੀ ਮਾਂ-ਬੋਲੀ ਦੀ ਝੋਲ਼ੀ ਵਿੱਚ ਪਾਉਣ ਵਾਲ਼ੀ ਸਾਹਿਤਕਾਰਾ ਪ੍ਰਿੰ. ਲਵਲੀ ਪੰਨੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਜਿਨ੍ਹਾਂ ਨੇ ਜਿੰਦਗੀ ਦਾ ਵੱਡਾ ਅਰਸਾ ਪੁਆਧ ਖਿੱਤੇ ਵਿੱਚ ਨੌਕਰੀ ਕੀਤੀ ਅਤੇ ਹੁਣ ਵੀ ਰਾਜਪੁਰਾ ਵਿਖੇ ਰਹਿ ਰਹੇ ਹਨ। ਉਨ੍ਹਾਂ ਦੁਆਰਾ ਰਚੀਆਂ ਕਿਤਾਬਾਂ ਪੁਆਧੀ ਲੋਕ-ਕਾਵਿ, ਮ੍ਹਾਰੀ ਲਾਡੋ ਚਲੀ ਸਸੁਰਾਲ (ਪੁਆਧੀ ਸੁਹਾਗ) , ਸੱਤ ਸੁਹਾਗਣਾਂ, ਹੇਲਰ ਕੇ ਹੂਏ ਪਾ ਅਤੇ ਪੁਆਧੀ ਬਿਰਹੜੇ ਹਨ। ਜਿਨ੍ਹਾਂ ਦੀ ਰਚਨਾ ਕਰਕੇ ਸ਼੍ਰੀਮਤੀ ਪੰਨੂ ਨੇ ਪੁਆਧੀ ਸਾਹਿਤ ਨੂੰ ਸੰਭਾਲਣ ਦਾ ਉੱਤਮ ਕਾਰਜ ਕੀਤਾ ਹੈ। ਇਸੇ ਦਰਮਿਆਨ ਪਿੰਡ ਧਰਮਗੜ੍ਹ ਤੋਂ ਨੋਜੁਆਨ ਕਵੀ ਸਰਬਜੀਤ ਸਿੰਘ ਦੀ ਆਪਣੀ ਜ਼ਿੰਦਗੀ ਦੀਆਂ ਘਟਵਾਨਾਂ ਉੱਤੇ ਅਧਾਰਿਤ ਕਿਤਾਬ 'ਬੇਵਫਾ ਨਹੀਂ ਹੁੰਦੀਆਂ ਕੁੜੀਆਂ' ਨੂੰ ਵੀ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ



ਨਾਲ਼ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਹੋਏ ਕਵੀ ਦਰਬਾਰ ਦੀ ਸ਼ੁਰੂਆਤ ਤਾਰਾ ਸਿੰਘ ਮਠਿਆੜਾਂ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਸ਼ਬਦ ਗਾ ਕੇ ਕੀਤੀ। ਉਪਰੰਤ ਮਨੀ ਗਾਂਧੀ ਨੇ ਪੁਆਧੀ ਰਚਨਾ 'ਖੇੜੀ ਕਾ ਮੇਲਾ', ਗੁਰਨਾਮ ਸਿੰਘ ਸੈਣੀ ਨੇ 'ਖੂਨੀ ਕੰਧੇ ਸਰਹੰਦ ਦੀਏ', ਦੀਦਾਰ ਸਿੰਘ ਬਨੂੜ ਨੇ ਧੀਆਂ ਬਾਰੇ ਗੀਤ, ਰਣਬੀਰ ਰਾਣਾ ਟੋਡਰਪੁਰੀਆ ਨੇ 'ਬੁਲਟ' ਗੀਤ ਅਤੇ ਰਾਜਵਿੰਦਰ ਕੌਰ ਲੈਕਚਰਾਰ ਨੇ 'ਮਨ ਦਾ ਪੰਛੀ' ਨਾਲ਼ ਦਿਲ ਟੁੰਬਵੀਆਂ ਹਾਜ਼ਰੀਆਂ ਲਵਾਈਆਂ। ਸੁਖਵਿੰਦਰ ਦੁਰਾਲੀ ਦੁਆਰਾ ਪੇਸ਼ ਕੀਤੇ ਪੁਆਧ ਦੇ ਉਜਾੜੇ ਨੂੰ ਦਰਸਾਉਂਦੇ ਗੀਤ 'ਤੇਰੇ ਚੰਡੀਗੜ੍ਹ ਨੇ ਖਾ ਲਿਆ ਮੇਰਾ ਦੇਸ ਪੁਆਧ ਕੁੜੇ' ਨੇ ਮੁੱਖ ਮਹਿਮਾਨ ਸਮੇਤ ਸਾਰੀ ਬੈਠਕ ਨੂੰ ਭਾਵੁਕ ਕਰ ਦਿੱਤਾ। ਗੁਰਮੋਹਨ ਸਿੰਘ ਸੰਧਾਰਸੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਚਨਾ, ਗੀਤਕਾਰ ਤੇ ਪੱਤਰਕਾਰ ਬੀ.ਐੱਸ.ਪੰਨੂ ਨੇ 'ਭਾਵੇਂ ਬੰਦਾ ਸਭ ਕੁਝ ਬਣਿਆ ਪਰ ਬਣਿਆ ਇਨਸਾਨ ਨਹੀਂ ਹੈ ਅਤੇ ਬਲਦੀਪ ਖਲੌਰ ਨੇ ਮਾਂ ਨੂੰ ਯਾਦ ਕਰਦਿਆਂ' ਆਪ ਰੋਈ ਮੈਨੂੰ ਵੀ ਰਵਾਇਆ ਮੇਰੀ ਮਾਂ ਨੇ' ਗੀਤ ਦੀ ਪੇਸ਼ਕਾਰੀ ਦਿੱਤੀ। ਰਾਜੂ ਨਾਹਰ ਨੇ 'ਸਰਕਾਰੀ ਸਕੂਲ ਅਵਾਜ਼ਾਂ ਮਾਰੇ', ਐੱਸ.ਪੀ.ਫਰੀਦਪੁਰੀ ਨੇ 'ਸਭ ਮਾਲਕ ਦੇ ਰੰਗ', ਅਸ਼ੋਕ ਕੁਮਾਰ ਨੇ ਧਾਰਮਿਕ ਗੀਤ 'ਸਰਬੰਸ ਦਾਨੀਆ ਵੇ', ਧੰਨਾ ਧਾਲੀਵਾਲ ਨੇ 'ਰੂਹਾਂ ਦਾ ਵਣਜਾਰਾ' ਅਤੇ ਮਾਸਟਰ ਹਰਪ੍ਰੀਤ ਧਰਮਗੜ੍ਹ ਨੇ 'ਕਿਸੇ ਨੂੰ ਕੀ ਦੱਸਾਂ ਕਿਹੜੇ ਰੋਗ ਦੀ ਸਤਾਈ ਹਾਂ' ਰਚਨਾਵਾਂ ਨਾਲ਼ ਖੂਬ ਵਾਹ-ਵਾਹ ਖੱਟੀ। ਇਸ ਤੋਂ ਇਲਾਵਾ ਸਕੂਲ ਵਿਦਿਆਰਥਣਾਂ ਸੁਖਪ੍ਰੀਤ ਕੌਰ, ਅਮਨਪ੍ਰੀਤ ਕੌਰ, ਕੋਮਲਪ੍ਰੀਤ ਕੌਰ ਅਤੇ ਵਿਦਿਆਰਥੀਆਂ ਲਵਪ੍ਰੀਤ ਸਿੰਘ, ਗੁਰਪੀਰ ਸਿੰਘ ਵੱਲੋਂ ਵੀ ਰਚਨਾਵਾਂ ਪੇਸ਼ ਕੀਤੀਆਂ ਗਈਆਂ।
ਪੁਆਧੀ ਬੋਲੀ ਵਿੱਚ ਮੰਚ ਸੰਚਾਲਨ ਕਰਦਿਆਂ ਮਾ. ਹਰਪ੍ਰੀਤ ਸਿੰਘ ਧਰਮਗੜ੍ਹ ਵੱਲੋਂ ਵਿਛੜੇ ਪੰਜਾਬੀ ਹਾਸਰਸ ਕਲਾ ਦੇ ਥੰਮ੍ਹ ਜਸਵਿੰਦਰ ਸਿੰਘ ਭੱਲਾ ਨੂੰ ਡਾ. ਕੁਲਦੀਪ ਸਿੰਘ ਸਾਹਿਲ ਦੁਆਰਾ ਲਿਖੇ ਲੇਖ 'ਖਾਮੋਸ਼ ਹੋ ਗਿਆ ਹਾਸਿਆਂ ਦਾ ਵਣਜਾਰਾ" ਪੜ੍ਹ ਕੇ ਸ਼ਰਧਾਂਜਲੀ ਦਿੱਤੀ ਗਈ। ਵਿਰੇਂਦਰ ਕੁਮਾਰ ਲੈਕਚਰਾਰ, ਦਿਆਲ ਸਿੰਘ ਰਿਟਾ. ਲੈਕਚਰਾਰ ਤੇ ਅਮਰਜੀਤ ਕੌਰ ਰਿਟਾ. ਪੰਜਾਬੀ ਲੈਕਚਰਾਰ ਨੇ ਵਿਚਾਰ ਪੇਸ਼ ਕਰਦਿਆਂ ਬੈਠਕ ਵੱਲੋਂ ਕੀਤੇ ਜਾ ਰਹੇ ਸਾਹਿਤਕ ਯਤਨਾਂ ਦੀ ਭਰਭੂਰ ਸ਼ਲਾਘਾ ਕੀਤੀ। ਇਸ ਮੌਕੇ ਉਪਰੋਕਤਾਂ ਤੋਂ ਇਲਾਵਾ ਜਰਨੈਲ ਸਿੰਘ ਸਰਪੰਚ, ਤਰਨਜੀਤ ਸਿੰਘ ਖਾਲਸਾ, ਸਤਪਾਲ ਸਿੰਘ ਪੰਚ, ਕਰਨੈਲ ਸਿੰਘ, ਪਰਮਿੰਦਰ ਕੌਰ, ਜਸਵਿੰਦਰ ਕੌਰ ਅਤੇ ਹੋਰ ਪਤਵੰਤੇ ਸੱਜਣ ਉਚੇਚੇ ਤੌਰ 'ਤੇ ਹਾਜ਼ਰ ਸਨ।

## ਪਿੰਡ ਵਾਸੀਆਂ ਨੂੰ ਜਿੰਨ ਦੇ ਸਾਏ ਤੋਂ ਮੁਕਤ ਕੀਤਾ – ਮਾਸਟਰ ਪਰਮ ਵੇਦ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮ ਵੇਦ

ਮੈਨੂੰ ਯਾਦ ਹੈ ਕਿ ਕਈ ਸਾਲ ਪਹਿਲਾਂ ਜਦ ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਲਹਿਰਾਗਾਗੇ ਵਿਚ ਕੰਮ ਕਰਦਾ ਸੀ, ਇਕਾਈ ਕੋਲ ਹਰਿਆਣੇ ਦੇ ਸ਼ਹਿਰ ਟੂਹਾਣੇ ਨੇੜਲੇ ਇੱਕ ਪਿੰਡ ਖਨੌਰੇ ਦੀ ਪੰਚਾਇਤ ਆਈ ਤੇ ਕਹਿੰਦੀ ,"ਸਾਡੇ ਪਿੰਡ ਬਹੁਤ ਵੱਡਾ ਜਿੰਨ ਆ ਗਿਆ ਹੈ, ਉਹ ਕਦੇ ਕੁੱਤਾ ਬਣ ਜਾਂਦਾ ਤੇ ਕਦੇ ਬਿੱਲਾ।ਅਸੀਂ ਪਿੰਡ ਵਾਲੇ ਅਸਲੇ ਸਮੇਤ ਕੋਠਿਆਂ ਤੇ ਚੜ੍ਹ ਕੇ ਸੌਂਦੇ ਹਾਂ, ਬਹੁਤ ਸਿਆਣਿਆਂ ਨੂੰ ਬੁਲਾਇਆ ਹੈ ਪਰ ਕੋਈ ਵੀ ਜਿੰਨ ਨੂੰ ਫੜ ਨਹੀਂ ਸਕਿਆ। ਅਸੀਂ ਪਿੰਡ ਦੇ ਬਹੁਤ ਸਾਰੇ ਕੁੱਤੇ,ਬਿੱਲੇ ਖਤਮ ਕਰ ਦਿੱਤੇ ਹਨ। ਜਿੰਨ ਕਾਬੂ ਨਹੀਂ ਆਉਂਦਾ। ਅਸੀਂ ਰਾਤ ਨੂੰ ਪਹਿਰਾ ਵੀ ਦਿੰਦੇ ਹਾਂ ,ਪਰ ਸਾਡੀ ਸਮਝ ਵਿੱਚ ਨਹੀਂ ਆ ਰਿਹਾ ਹੈ। ਸਾਡੇ ਬਹੁਤ ਸਾਰੇ ਪਰਿਵਾਰ ਪਿੰਡ ਛੱਡਣ ਦੀ ਤਿਆਰੀ ਵਿੱਚ ਬੈਠੇ ਨੇ।" ਇਕ ਅਖ਼ਬਾਰ ਵਿਚ ਖ਼ਬਰ ਵੀ ਲੱਗ ਚੁੱਕੀ ਸੀ ਕਿ ਪਿੰਡ ਦੇ ਜਿੰਨ ਨੇ ਬਹੁਤ ਸਾਰੀਆਂ ਔਰਤਾਂ ਜ਼ਖਮੀ ਕਰ ਦਿੱਤੀਆਂ ਹਨ ਤੇ ਉਹ ਟੌਹਾਣੇ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਦੋ ਦਿਨ ਬਾਅਦ ਮੇਰੀ ਅਗਵਾਈ ਵਿੱਚ ਦੇਸ ਰਾਜ ,ਰਾਣਾ ਸਿੰਘ,ਜਗਦੀਸ਼ ਸਿੰਘ ਗੁਰਮੇਲ ਸਿੰਘ ਆਧਾਰਿਤ ਤਰਕਸ਼ੀਲ ਟੀਮ ਤਿੰਨ ਮੋਟਰਸਾਈਕਲ 'ਤੇ ਸੰਬੰਧਿਤ ਪਿੰਡ ਪਹੁੰਚੀ। ਰਸਤੇ ਵਿੱਚ ਅਸੀਂ ਦੇਸ ਰਾਜ ਦੇ ਜਾਣੂ ਦੇ ਪਿੰਡ ਰੁਕੇ , ਲੱਸੀ ਪੀਤੀ
ਤੇ ਜਾਣ ਲੱਗਿਆਂ ਕਿਹਾ, " ਆਓ ਖਨੌਰੇ ਦਾ ਜਿੰਨ ਫੜ ਕੇ ਲਿਆਈਏ,ਅਸੀਂ ਖਨੌਰੇ ਦਾ ਜਿੰਨ ਫੜਨ ਆਏ ਹਾਂ ।"ਉਨਾਂ ਨੇ ਕਿਹਾ," ਜਿੰਨ ਬੜਾ ਖਤਰਨਾਕ ਹੈ, ਬੱਚ ਕੇ ਰਈਓ। ਤੁਹਾਡੇ ਸਕੂਟਰਾਂ ਦੇ ਪਟਾਕੇ ਪਾ ਸਕਦੈ।" ਅਸੀਂ ਕਿਹਾ ਸਾਡੇ ਨਾਲ ਚੱਲੋ, ਕੁੱਝ ਨਹੀਂ ਹੋਵੇਗਾ।ਆਪਾਂ ਫੜ ਕੇ ਲਿਆਵਾਂਗੇ।ਉਹ ਸਹਿਮਤ ਨਾ ਹੋਏ।ਅਸੀਂ ਖਨੌਰੇ ਸਰਪੰਚ ਦੇ ਘਰ ਪਹੁੰਚ ਗਏ ।ਅਸੀਂ ਆਪਣੀ ਜਾਣ ਪਹਿਚਾਣ ਕਰਵਾਈ, ਉਹ ਬੜਾ ਖੁਸ ਹੋਇਆ।ਉਸ ਨੇ ਕਿਹਾ,"ਸਾਡੀ ਪਰੇਸ਼ਾਨੀ ਦੂਰ ਕਰੋ,ਸਮੱਸਿਆ ਤੋਂ ਛੁਟਕਾਰਾ ਦਵਾਓ, ਅਸੀਂ ਤੁਹਾਡੇ ਬਹੁਤ ਧੰਨਵਾਦੀ ਹੋਵਾਂਗੇ।"ਅਸੀਂ ਕਿਹਾ ," ਤੁਹਾਡੀ ਸਮੱਸਿਆ ਦੂਰ ਕਰਨ ਆਏ ਹਾਂ, ਦੂਰ ਕਰਕੇ ਹੀ ਜਾਵਾਂਗੇ।ਸਾਡੀਆਂ ਹਦਾਇਤਾਂ ਦਾ ਪਾਲਣ ਕਰਨਾ।ਜੋ ਅਸੀਂ ਪੁੱਛੀਏ ਸਹੀ ਦਸਣਾ।"ਸਰਪੰਚ ਨੇ ਵਿਸਵਾਸ ਦਵਾਇਆ," ਜਿਵੇਂ ਕਹੋਂਗੇ, ਉਵੇਂ ਕਰਾਂਗੇ, ਧੁਪੇ ਖੜਾਵੋਂਗੇ, ਖੜਾਂਗੇ।ਜੋ ਪੁਛੋਂਗੇ,ਸਪੱਸ਼ਟ ਦੱਸਾਂਗੇ।" ਮੈਂ ਕਿਹਾ,"ਜਿੰਨ ਨੇ ਜਖਮੀ ਕੀਤੀਆਂ ਔਰਤਾਂ ਨਾਲ ਸਾਡੀ ਗਲ ਕਰਵਾਓ।ਜਿਨ੍ਹਾਂ ਜਿੰਨ ਦੇਖਿਆ, ਉਨਾਂ ਨਾਲ ਵੀ ਸਾਨੂੰ ਮਿਲਾਓ। ਉਸ ਨਾਲ ਵੀ ਗਲ ਕਰਵਾਓ,ਜਿਸ ਵਿਅਕਤੀ ਨੇ ਜਿੰਨ ਸਭ ਤੋਂ ਪਹਿਲਾਂ ਦੇਖਿਆ।"
ਪਿੰਡ ਵਾਲਿਆਂ ਨੂੰ ਕੋਈ ਵੀ ਜ਼ਖ਼ਮੀ ਔਰਤ ਨਾ ਮਿਲੀ, ਜਿੰਨ ਸੰਬੰਧੀ ਪਰਚਾਰੀ ਗਲ ਦੇ ਡਰ ਤੋਂ ਭੈਅ ਭੀਤ ਔਰਤਾਂ ਜ਼ਰੂਰ ਮਿਲੀਆਂ ।ਪਿੰਡ ਵਿੱਚ ਗੱਲ ਉੱਡੀ ਹੋਈ ਸੀ ਕਿ ਜਿੰਨ ਸਿਰਫ ਔਰਤਾਂ ਨੂੰ ਦਿਖਦਾ ਹੈ।ਫਿਰ ਅਸੀਂ ਉਸ ਔਰਤ ਦੇ ਘਰ ਗਏ ਜਿਸ ਨੇ ਸਭ ਤੋਂ ਪਹਿਲਾਂ ਜਿੰਨ ਦੇਖਿਆ ਸੀ ਤੇ ਜਿੰਨ ਦਾ ਖੌਫ ਫੈਲਾਇਆ ਸੀ ।ਜਿੰਨ ਦਾ ਡਰ ਫੈਲਾਉਣ ਵਾਲੀ ਕੁੜੀ ਦੀ ਮਾਂ ਨੇ ਕਿਹਾ ,"ਇਸ ਵਿੱਚ ਅਸਰ ਆਉਂਦਾ
ਹੈ ,ਮਾਤਾ ਆਉਂਦੀ ਹੈ ,ਅਸਰ ਦੌਰਾਨ ਇਸ ਨੂੰ ਸਭ ਕੁਝ ਪਤਾ ਲੱਗ ਜਾਂਦਾ ਹੈ ।ਇਹ ਤਾਂ ਇਹ ਵੀ ਦੱਸ ਸਕਦੀ ਹੈ ਕਿ ਤੁਸੀਂ ਕੀ ਖਾ ਕੇ ਆਏ ਹੋ ।" ਅਸੀਂ ਕਿਹਾ," ਜੇ ਇਹ ਸਾਡੇ ਨਾਂ- ਪਤਾ ਦੱਸ ਦੇਵੇ ਤਾਂ ਅਸੀਂ ਤਰਕਸ਼ੀਲ ਸੁਸਾਇਟੀ ਵਲੋਂ ਰੱਖਿਆ ਨਗਦ ਇਨਾਮ ਦੇਵਾਂਗੇ। " ਮਾਂ ਕਹਿੰਦੀ ,"ਇਸ ਵਿਚ ਸ਼ਨੀਵਾਰ ਨੂੰ ਅਸਰ ਆਉਂਦਾ ਹੈ, ਫਿਰ ਇਹ ਪੁੱਛਾਂ ਵੀ ਦਿੰਦੀ ਹੈ ।ਸਹੀ 11ਵਜੇ ਚੌਂਕੀ ਲਾਉਂਦੀ ਹੈ।" ਅਸੀਂ ਕਿਹਾ ਅਜ ਸ਼ਨੀਵਾਰ ਹੀ ਹੈ, ਅਸੀਂ 11 ਵਜੇ ਆਵਾਂਗੇ ਤੇ ਇਸ ਦੀ ਸ਼ਕਤੀ /ਕਰਾਮਾਤ ਦੀ ਪਰਖ ਕਰਾਂਗੇ ।ਫਿਰ ਅਸੀਂ ਜਿੰਨ ਦੇ ਡਰ ਤੋਂ ਪੀੜਤ ਪਰਿਵਾਰਾਂ ਦਾ ਹਾਲ ਪੁੱਛਣ ਪਿੰਡ ਦਾ ਚੱਕਰ ਲਾਇਆ । ਸਿਰਫ਼ ਇਕ ਹੀ ਪਰਿਵਾਰ ਦੀ ਔਰਤ ਨੇ ਕਿਹਾ ," ਇੱਕ ਰਾਤ ਜਿੰਨ ਸਾਡੇ ਘਰ ਆ ਗਿਆ ਸੀ । ਜਦੋਂ ਅਸੀਂ ਲਾਈਟ ਲਾਈ ਜਿੰਨ ਭੱਜ ਗਿਆ। ਸਾਨੂੰ ਬੜਾ ਡਰ ਲੱਗਦਾ ਹੈ, ਨੀਂਦ ਨਹੀਂ ਆਉਂਦੀ।" ਅਸੀਂ ਕਿਹਾ ਕਿ ਜਿੰਨ ਤੁਹਾਡੇ ਤੋਂ ਡਰਦਾ ਹੈ, ਡਰ ਕੇ ਭੱਜਦਾ ਹੈ ।ਤੁਸੀ ਕਿਉਂ ਡਰਦੇ ਹੋਂ,ਤੁਹਾਨੂੰ ਡਰਨਾ ਨਹੀ ਚਾਹੀਦੀ।
ਗੱਲਾਂ ਬਾਤਾਂ ਰਾਹੀਂ ਅਸੀਂ ਉਨ੍ਹਾਂ ਦਾ ਡਰ ਦੂਰ ਕੀਤਾ।ਇਕ ਔਰਤ ਕਹਿੰਦੀ,"ਰਾਤ ਜਿੰਨ ਸਾਡੇ ਜੱਗ ਵਿੱਚੋਂ ਦੁੱਧ ਪੀ ਗਿਆ।" ਅਸੀਂ ਕਿਹਾ ਸਾਡੀ ਸਮਝ ਮੁਤਾਬਿਕ ਦੁੱਧ ਬਿੱਲੀ ਨੇ ਪੀਤਾ ਹੈ।ਮੇਰੇ ਇਹ ਕਹਿੰਦਿਆਂ ਕਹਿੰਦਿਆਂ ਬਿੱਲੀ ਨੇ ਦਰਸ਼ਨ ਦੇ ਦਿੱਤੇ।ਇੰਨੇ ਨੂੰ ਗਿਆਰਾਂ ਵੱਜ ਚੁੱਕੇ ਸੀ ਅਸੀਂ ਅਸਰ ਆਉਣ ਵਾਲੀ ਤੇ ਸਭ ਤੋਂ ਪਹਿਲਾਂ ਜਿੰਨ ਦਾ ਭੈਅ ਪੈਦਾ ਕਰਨ ਵਾਲੀ ਔਰਤ ਦੇ ਘਰ ਪਹੁੰਚੇ।ਅਸੀਂ ਕਿਹਾ," ਚਲੋ ਸਮਾਂ ਹੋ ਗਿਆ ਹੈ,ਆਪਣੀ ਚੌਂਕੀ ਲਾਓ ਤੇ ਸਾਡੇ ਨਾਂ ਦੱਸੋ।" ਪਿੰਡ ਦੇ ਲੋਕ ਸਾਡੇ ਨਾਲ ਸਨ।ਥੋੜੇ ਸਮੇਂ ਬਾਅਦ ਜਵਾਬ ਆਇਆ ,"ਅੱਜ ਚੌਂਕੀ ਨਹੀਂ ਲੱਗਦੀ,ਅਜ ਅਸਰ ਨਹੀਂ ਆ ਰਿਹਾ, ਇਹ ਤਾਂ ਡਰ ਰਹੀ ਹੈ।" ਅਸੀਂ ਕਿਹਾ "ਆਪਣੇ ਪੀਰ ਜਾਂ ਦੇਵੀ ਨੂੰ ਪਰਗਟ ਕਰਕੇ ਸਾਡੇ ਨਾਂ ਦੱਸੋ।" ਸਾਡੇ ਵਾਰ ਵਾਰ ਕਹਿਣ ਤੇ ਵੀ ਉਨ੍ਹਾਂ ਸਾਡੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ।ਉਥੇ ਖੜੇ ਇਕ ਵਿਅਕਤੀ ਨੇ ਉੱਚੀ ਤੇ ਜ਼ਾਨਦਾਰ ਆਵਾਜ਼ ਵਿਚ ਕਿਹਾ," ਪਹਿਲਾਂ ਭਕਾਈ ਕਿਉਂ ਮਾਰੀ ਸੀ।" ਫਿਰ ਅਸੀਂ ਅਸਰ ਵਾਲੀ ਔਰਤ ਨਾਲ ਜਿੰਨ ਦਿਸਣ ਵਾਲੀ ਗਲ ਕਰਨੀ ਚਾਹੀ।ਸਾਡੇ ਸਵਾਲਾਂ ਦੇ ਜਵਾਬ ਉਸਦੀ ਮਾਂ ਨੇ ਦਿੱਤੇ।ਉਸਨੇ ਕਿਹਾ," ਉਸ ਦਿਨ,ਜਿਸ ਸਮੇਂ ਜਿੰਨ ਸਾਡੀ ਕੁੜੀ ਕੋਲ ਆਇਆ।ਮੈਂ ਉਸ ਸਮੇਂ ਰਸੋਈ ਵਿੱਚ ਸੀ।ਮੈਂ ਕੁੜੀ ਨੂੰ ਉਸ ਨਾਲ ਗੱਲਾਂ ਕਰਦੇ ਸੁਣਿਆ।ਜਦ ਮੈਂ ਗਈ ਤਾਂ ਜਿੰਨ ਭਜ ਗਿਆ ਤੇ ਜਾਂਦੇ ਜਾਂਦੇ ਨਲਕੇ ਦੀ ਹੱਥੀ ਦੂਹਰੀ ਕਰ ਗਿਆ।"
ਇਸ ਸਮੇਂ ਬਹੁਤ ਸਾਰੇ ਲੋਕ ਇਕਠੇ ਹੋ ਚੁੱਕੇ ਸਨ।ਵਿੱਚੋਂ ਇਕ ਕੱਟਿਆਂ ਦੇ ਵਪਾਰੀ ਵਿਅਕਤੀ ਨੇ ਕਿਹਾ," ਉਸ ਦਿਨ ਮੈਂ ਕੋਠੇ ਤੇ ਪਿਆ ਸੀ ਤੇ ਜਿੰਨ ਰਿੱਛ ਬਣਿਆ ਮੈਂ ਆਪ ਦੇਖਿਆ ਜਦ ਮੈਂ ਉਸ ਨੂੰ ਫੜਨ ਦੀ ਕੋਸਿਸ਼ ਕੀਤੀ ਤਾਂ ਉਹ ਮੇਰਾ ਗੁੱਟ ਜ਼ਖਮੀ ਕਰ ਗਿਆ।"
ਅਸੀਂ ਉਨ੍ਹਾਂ ਦੀਆਂ ਥੋਥੀਆਂ ਤੇ ਬਿਨ ਪੈਰ ਸਿਰ ਵਾਲੀਆਂ ਝੂੱਠੀਆਂ ਗੱਲਾਂ ਸੁਣੀਆਂ।ਅਸੀਂ ਲੋਕਾਂ ਨੂੰ ਕਿਹਾ," ਅਸੀਂ ਸਾਰੀਆਂ ਗੱਲਾਂ ਦੀ ਵਿਗਿਆਨਕ ਵਿਆਖਿਆ ਕਰਾਂਗੇ।ਸਾਨੂੰ ਪਤਾ ਹੈ ਕਿ ਇਸ ਦੁਨੀਆਂ ਵਿੱਚ ਕਿਤੇ ਵੀ ਜਿੰਨ ,ਭੂਤ ਪਰੇਤ ਨਹੀਂ।ਕਹੀਆਂ ਸੁਣੀਆਂ ਗੱਲਾਂ ਦਾ ਅਸਰ ਜਰੂਰ ਹੈ।ਸੁਣ ਸੁਣ ਕੇ ਤੁਸੀਂ ਡਰੀ ਜਾਂਦੇ ਹਾਂ, ਡਰਾਉਣ ਵਾਲੇ ਡਰਾਈ ਜਾਂਦੇ ਹਨ। "ਮੈਂ ਕਿਹਾ ,"ਸਭ ਤੋਂ ਪਹਿਲਾਂ ਜਿੰਨ ਤੋਂ ਜਖਮੀ ਹੋਈ ਕੋਈ ਵੀ ਔਰਤ ਸਾਨੂੰ ਨਹੀਂ ਮਿਲੀ, ਦੂਜੀ ਗਲ ਜਿਥੋਂ ਗਲ ਸੁਰੂ ਹੋਈ ਜਿਸ ਨੇ ਜਿੰਨ ਦਾ ਖੌਫ ਫੈਲਾਇਆ ,ਉਹ ਸਾਡੇ ਮੱਥੇ ਨਹੀਂ ਲੱਗੀ, ਸਾਡੇ ਨਾਲ ਗਲ ਨਾ ਕਰ ਸਕੀ, ਤੁਸੀਂ ਸਿਰਫ਼ ਪਰਚਾਰੀ ਗਲ ਤੋਂ ਡਰੇ ਹੋਏ ਹੋਂ,ਤੁਸੀਂ ਖਾਸ ਕਰਕੇ ਔਰਤਾਂ ਜਿੰਨ ਦੇ ਫੋਬੀਏ ਦੀਆਂ ਸ਼ਿਕਾਰ ਹਨ।"
ਉਸ ਦੀ ਮਾਂ ਦਾ ਕਹਿਣਾ ਹੈ ਕਿ ਜਿੰਨ ਜਾਂਦੇ ਸਮੇਂ ਨਲਕੇ ਦੀ ਹੱਥੀ ਦੂਹਰੀ ਕਰ ਗਿਆ।ਇੱਕ ਕਹਿੰਦਾ ਜਿੰਨ ਜਾਂਦੇ ਸਮੇਂ ਰਿੱਛ ਬਣ ਗਿਆ ਤੇ ਗੁਟ ਜਖਮੀ ਕਰ ਗਿਆ।
ਚਲੋ ਆਪਾਂ ਹੁਣ ਉਨਾਂ ਨੂੰ ਬੁਲਾ ਕੇ ਸਵਾਲ ਜਵਾਬ ਕਰਦੇ ਹਾਂ ਤੇ ਉਨਾਂ ਨੂੰ ਝੂਠੇ ਸਾਬਤ ਕਰਦੇ ਹਾਂ। ਕੱਟਿਆਂ ਦੇ ਵਪਾਰੀ ਨੂੰ ਮੈਂ ਕਿਹਾ
, "ਰਿੱਛ ਬਣਿਆ ਜਿੰਨ ਤੇਰਾ ਗੁਟ ਜ਼ਖਮੀ ਕਰ ਗਿਆ ,ਤੁਸੀਂ ਆਪਣੇ ਗੁਟ ਤੇ ਜਿਸ ਡਾਕਟਰ ਤੋਂ ਪੱਟੀਆਂ ਕਰਾਈਆਂ, ਉਸ ਦਾ ਪਤਾ ਦੱਸੋ।"
ਉਸ ਦੇ ਗੁਟ ਤੇ ਜਖਮ ਦੇ ਨਿਸ਼ਾਨ ਨਹੀਂ ਸਨ
ਉਸ ਦਾ ਝੂਠ ਸਪਸ਼ਟ ਸੀ।।ਫਿਰ ਅਸੀਂ ਜਿੰਨ ਦੀ ਅਫਵਾਹ ਫੈਲਾ ਕੇ ਉਸ ਦਾ ਡਰ ਪੈਦਾ ਕਰਨ ਵਾਲੀ ਔਰਤ ਦੀ ਮਾਂ ਤੋਂ ਪੁੱਛਿਆ,," ਤੁਸੀਂ ਕਹਿੰਦੇ ਹੋਂ ਜਦੋ ਤੁਸੀਂ ਕੁੜੀ ਕੋਲ ਗਏ ਜਿੰਨ ਭਜ ਗਿਆ ਤੇ ਜਾਂਦੇ ਸਮੇਂ ਨਲਕੇ ਦੀ ਹੱਥੀ ਦੂਹਰੀ ਕਰ ਗਿਆ।ਸਾਨੂੰ ਉਹ ਨਲਕੇ ਦੀ ਹੱਥੀ ਦਿਖਾਓ।" ਉਹ ਡੌਰ ਭੌਰ ਹੋ ਗਈ,ਪੂਰੀ ਘਬਰਾ ਗਈ ,ਨਲਕੇ ਦੀ ਦੂਹਰੀ ਹੋਈ ਹੱਥੀ ਲਿਆ ਕੇ ਨਹੀਂ ਦਿਖਾ ਸਕੀ।ਉਸ ਦਾ ਝੂਠ ਵੀ ਨੰਗੇ ਚਿੱਟੇ ਦਿਨ ਦੀ ਤਰ੍ਹਾਂ ਸਪੱਸ਼ਟ ਸੀ।"
ਮੈਂ ਫਿਰ ਪਿੰਡ ਪੰਚਾਇਤ ਸਮੇਤ ਇਕੱਠੇ ਹੋਏ ਲੋਕਾਂ ਨੂੰ ਕਿਹਾ ਕਿ ਭੂਤ ਪਰੇਤ ਨਾਂ ਦੀ ਕੋਈ ਚੀਜ, ਇਸ ਦੁਨੀਆਂ ਵਿਚ ਨਹੀਂ।ਸਭ ਕਲਪਿਤ ਹਨ।ਇਹ ਅਖੌਤੀ ਸਿਆਣੇ ਆਪਣੇ ਮਤਲਬ ਲਈ ਤੁਹਾਡੇ ਅੰਦਰ ਇਨ੍ਹਾਂ ਦਾ ਡਰ ਪੈਦਾ ਕਰਕੇ ਤੁਹਾਡੀ ਆਰਥਿਕ, ਮਾਨਸਿਕ ਅਤੇ ਸਰੀਰਕ ਲੁੱਟ ਕਰਦੇ ਨੇ: ,ਉਹ ਡਰਾਈ ਜਾਂਦੇ ਹਨ,ਤੁਸੀਂ ਡਰੀ ਜਾਦੇ ਹੌਂ,ਉਹ ਲੁੱਟੀ ਜਾਂਦੇ ਹਨ,ਤੁਸੀਂ ਲੁੱਟ ਕਰਾਈ ਜਾਂਦੇ ਹੋ ।ਨਾ ਔਰਤ ਵਿੱਚ ਕੋਈ ਪੀਰ,ਦੇਵੀ ਵਗੈਰਾ ਪਰਗਟ ਹੋਈ।ਤੁਹਾਡੇ ਸਾਹਮਣੇ ਸਾਰੀਆਂ ਗੱਲਾਂ ਝੂਠੀਆਂ ਸਾਬਤ ਹੋਈਆਂ,ਕਿਸੇ ਵੀ ਪਰਚਾਰੀ ਚੀਜ ਦਾ ਸਬੂਤ ਨਹੀਂ ਮਿਲਿਆ,ਅਸੀਂ ਸੁਣੀ,ਸੁਣਾਈ ਗਲ ਦੀ ਪਰਖ ਕਰਦੇ ਹਾਂ, ਅੱਖਾਂ ਬੰਦ ਕਰਕੇ ਨਹੀ ਮੰਨਦੇ, ਪਰਖ ਕਰਨਾ ਹੀ ਤਰਕਸ਼ੀਲਤਾ ਹੈ। ਤੁਸੀਂ ਵੀ ਪਾਰਖੂ ਬਣੋ। ਲਾਈਲੱਗਤਾ, ਅੰਧਵਿਸ਼ਵਾਸ ਤਿਆਗੋ ਆਪਣੀ ਸੋਚ ਨੂੰ ਵਿਗਿਆਨਕ ਬਣਾਓ।
ਦੂਜੇ ਸਾਥੀਆਂ ਨੇ ਵੀ ਵਿਚਾਰ ਰੱਖੇ ਤੇ ਲੋਕਾਂ ਨੂੰ ਜਿੰਨ ਤੋਂ ਭੈਅ ਮੁਕਤ ਕੀਤਾ। ਪਰਾਪਤ ਕੀਤੀ ਜਾਣਕਾਰੀ ਅਨੁਸਾਰ ਖਨੌਰੇ ਪਿੰਡ ਸਮੇਤ ਇਲਾਕੇ ਦੇ ਪਿੰਡਾਂ ਵਿੱਚ ਜਿੰਨ ਦਾ ਖੌਫ ਸੀ। ਜਿਹੜਾ ਸਾਡੇ ਜਾਣ ਉਪਰੰਤ ਖਤਮ ਸੀ ਤੇ ਲੋਕਾਂ ਨੇ ਭੈਅ ਮੁਕਤ ਹੋ ਕੇ ਸੌਖਾ ਸਾਹ ਲੈਣਾ ਸੁਰੂ ਕਰ ਦਿਤਾ ਸੀ।ਲੋਕ ਸਾਡੀ ਵਿਗਿਆਨਕ ਵਿਆਖਿਆ ਤੇ ਪੜਤਾਲ ਤੋਂ ਪੂਰੇ ਸੰਤੁਸ਼ਟ ਤੇ ਖੁਸ਼ ਸਨ।ਉਨਾਂ ਦੇ ਮੁਰਝਾਏ ਚਿਹਰੇ ਖਿੜ ਗਏ ਸਨ।ਲੋਕਾਂ ਦੇ ਦਿਲ ਦਿਮਾਗ ਤੋਂ ਜਿੰਨ ਦਾ ਡਰ ਸਾਫ਼ ਕਰਦੇ ਹੋਏ ਅਸੀਂ ਉਥੋਂ ਚਾਲੇ ਪਾ ਦਿੱਤੇਂ

## ਖ਼ੂਨ ਦੇ ਰਿਸ਼ਤੇ




ਕਹਿੰਦੇ ਲੋਕੀ ਹੋ ਗਿਆ ਖੂਨ ਤੋਂ ਪਾਣੀ
ਰਿਸ਼ਤਿਆਂ ਦੀ ਆਖਣ ਉਲਝ ਗਈ ਹੈ ਤਾਣੀ।
ਲੱਖ ਹੋਣ ਕਹਾਵਤਾਂ
ਨਾ ਭੁੱਲੇ, ਨਾ ਹੀ ਦਿਲ ਚੋ ਕੱਢੇ ਜਾਂਦੇ ਨੇ
ਖ਼ੂਨ ਦੇ ਰਿਸ਼ਤੇ ਕਿੱਥੋਂ
ਐਨੇ ਸੌਖੇ ਛੱਡੇ ਜਾਂਦੇ ਨੇ।

ਇਕੱਠਾ ਬੀਤਿਆ ਬਚਪਨ ਤੇ
ਇੱਕਠਿਆਂ ਉਮਰ ਹੰਢਾਈ
ਇਕੱਠੇ ਖਾਧੀ ਰੋਟੀ ਭਾਵੇਂ ਮਾਂ
ਨੇ ਸੀ ਅੱਡੋ ਅੱਡੀ ਪਾਈ।
ਨਾ ਓ ਪਲ, ਨਾ ਯਾਦਾਂ
ਦਿਲ ਚੋਂ ਕੱਢੇ ਜਾਂਦੇ ਨੇ
ਖ਼ੂਨ ਦੇ ਰਿਸ਼ਤੇ ਕਿੱਥੋਂ
ਐਨੇ ਸੌਖੇ ਛੱਡੇ ਜਾਂਦੇ ਨੇ।

ਜਦੋਂ ਪੈ ਜਾਵੇ ਕਦੇ ਕਿਤੇ ਥੋੜ
ਪੈ ਜੇ ਪੈਸੇ ਟਕੇ ਦੀ ਲੋੜ
ਦੁਨੀਆਂ ਜਾਂਦੀ ਹੈ ਫਿਰ ਮੁੱਖ ਮੋੜ
ਓਦੋਂ ਦਿਲ ਨੂੰ ਲਗਦੀ ਹੋੜ
ਨਾ ਹੱਥ ਬਿਗਾਨਿਆਂ ਮੂਹਰੇ ਅੱਡੇ ਜਾਂਦੇ ਨੇ
ਖ਼ੂਨ ਦੇ ਰਿਸ਼ਤੇ ਕਿੱਥੋਂ
ਐਨੇ ਸੌਖੇ ਛੱਡੇ ਜਾਂਦੇ ਨੇ।

ਲੱਖ ਹੋਵਣ ਚਾਚੇ ਤਾਏ
ਜਿਹੜੇ ਲੋੜ ਪੈਣ ਤੇ ਨਾ ਆਏ
ਪੱਖ ਤਾਂ ਪੂਰਦੇ ਅੰਮਾਂ ਜਾਏ
ਪਿਆ ਫਿਕਰ ਹੱਡਾਂ ਨੂੰ ਖਾਏ
ਜਿਹੜੇ ਵਿੱਚ ਗੋਦੀ ਦੇ ਖਿਡਾਏ
ਤੇ ਆਪਣੇ ਹੱਥੀਂ ਬੂਟੇ ਲਾਏ
ਨਾ ਜੜ੍ਹਾਂ ਚੋਂ ਵੱਢੇ ਜਾਂਦੇ ਨੇ।
ਖ਼ੂਨ ਦੇ ਰਿਸ਼ਤੇ ਕਿੱਥੋਂ
ਐਨੇ ਸੌਖੇ ਛੱਡੇ ਜਾਂਦੇ ਨੇ।

ਜਦੋਂ ਵਿਹੜਾ ਹੋ ਜਾਵੇ ਸੁੰਨਾ
ਨਾ ਦਿਸਦੇ ਪਿਉ ਤੇ ਮਾਂ।
ਫਿਰ ਦਿਲ ਕਰਦਾ
ਮਰ ਜਾਵਾਂ ਏਸੇ ਥਾਂ।
ਨਾ ਫਿਰ ਭੀੜਾ ਵਿੱਚ ਹੱਥ
ਭੈਣ ਭਰਾਵਾਂ ਦੇ ਛੱਡੇ ਜਾਂਦੇ ਨੇ।
ਖ਼ੂਨ ਦੇ ਰਿਸ਼ਤੇ ਕਿੱਥੋਂ
ਐਨੇ ਸੌਖੇ ਛੱਡੇ ਜਾਂਦੇ ਨੇ।

'ਪਰਮ' ਕਰਦੀ ਨਿੱਤ ਦੁਆਵਾਂ
ਰੱਬਾ ਛੋਹਣ ਨਾ ਉਹਨਾਂ ਨੂੰ ਤੱਤੀਆਂ ਹਵਾਵਾਂ।
ਭਾਵੇਂ ਓ ਕਰਗੇ ਪੈਰ ਪਿਛਾਹਾਂ
ਤੇ ਮੈਂ ਮਾਰੀਆ ਬਹੁਤ ਦੂਰ ਤੱਕ ਨਿਗਾਹਾਂ।
ਯਾਦ ਕਰਕੇ ਬੀਤਿਆ ਵੇਲ਼ਾ
ਦਿਲ ਚ ਖੰਜਰ ਗੱਡੇ ਜਾਂਦੇ ਨੇ।
ਖ਼ੂਨ ਦੇ ਰਿਸ਼ਤੇ ਕਿੱਥੋਂ
ਐਨੇ ਸੌਖੇ ਛੱਡੇ ਜਾਂਦੇ ਨੇ।

ਵਰਲਡ ਪੰਜਾਬੀ ਟਾਈਮਜ਼
ਪਰਮਜੀਤ ਕੌਰ

## ਵੰਡ


ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

ਵੇਹੜੇ ਵਿੱਚ ਕੰਧ ਕੁਡਾਤੀ
ਪੈਲ਼ੀ ਵਿੱਚ ਵੰਡ ਪਵਾਤੀ
ਸ਼ਰੀਕਾਂ ਨੇ ਤੀਲੀ ਲਾਤੀ
ਵਸਦੇ ਅਸੀਂ ਉਜੜ ਗਏ

ਘਰ ਵਾਲੀ ਅੱਗੇ ਬੋਲਣ ਲਾਤੀ
ਰੋਜੀ ਰੋਟੀ ਵੱਖੋ ਵੱਖ ਕਰਵਾਤੀ
ਸ਼ਰੀਕਾਂ ਨੇ ਤੀਲੀ ਲਾਤੀ
ਵਸਦੇ ਅਸੀਂ ਉਜੜ ਗਏ

ਘਰ ਦੇ ਵਿੱਚ। ਪੰਚਾਇਤ ਬ੍ਰਿਠਾਤੀ
ਪੁੱਠੀ ਲੱਗਦਾ ਹੈ ਕੋਈ ਭਿੱਤ ਪੜ੍ਹਾਤੀ
ਸ਼ਰੀਕਾਂ ਨੇ ਤੀਲੀ ਲਾਤੀ
ਵਸਦੇ ਅਸੀਂ ਉਜੜ ਗਏ

ਸਿੱਧੂ ਮਿੱਟੀ ਵਿੱਚ ਸ਼ਾਨ ਮਿਲਾਤੀ
ਪਿੰਡ ਵਿੱਚ ਨੀਵੀਂ ਧੌਂਨ ਕਰਾਤੀ
ਸ਼ਰੀਕਾਂ ਨੇ ਤੀਲੀ ਲਾਤੀ
ਵਸਦੇ ਅਸੀਂ ਉਜੜ ਗਏ




## ਹੜ੍ਹਾਂ ਦਾ ਜ਼ੋਰ

ਪੈਂਦੀ ਆ ਬਾਰਸ਼ ਹੁਣ, ਹੋਰ
ਕਿੰਨੇ ਦਿਨ ਪੈਣੀ,
ਇਸ ਗੱਲ ਦਾ ਕਿਸੇ ਨੂੰ ਕੋਈ
ਅਨੁਮਾਨ ਨੀਂ।

ਟੁੱਟ ਚੱਲੇ ਪੁਲ ਬੰਦ ਹੋਏ ਰਾਹ
ਸਾਰੇ,
ਕਿਹੜਾ ਉਹ ਪਿੰਡ ਸ਼ਹਿਰ ਜਿੱਥੇ
ਹੋਇਆ ਨੁਕਸਾਨ ਨੀਂ।

ਘਰ, ਪਸ਼ੂ, ਡੰਗਰ ਕਈ ਥਾਈਂ
ਰੁੜ ਚੱਲੇ,
ਦੱਸੋਂ! ਕਿਹੜਾ ਉਹ ਬੰਦਾ ਜਿਹੜਾ
ਪ੍ਰੇਸ਼ਾਨ ਨੀਂ।

ਰੱਬ ਦਿਆ ਰੰਗਾਂ ਨੂੰ ਕੌਣ ਜਾਣੇ
'ਹਰਪ੍ਰੀਤ',
ਜਿਹੜਾ ਕਹੇ ਮੈਨੂੰ ਪਤਾ ਐਸਾ ਕੋਈ
ਭਗਵਾਨ ਨੀਂ,



ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਰਹਿਤ ਪਿਆਰੀ****




ਜਦੋਂ ਜ਼ੁਲਮ ਹਨੇਰੀ ਚਲਦੀ ਸੀ
ਉਸ ਵੇਲੇ ਕਿਸੇ ਦੀ ਨਾ ਕੋਈ ਪੇਸ਼ ਜਾਏ।
ਜਦੋਂ ਮੁਗਲ ਸਰਕਾਰ ਹਿੰਦ ਅੰਦਰ।
ਥਾਂ ਥਾਂ ਸ਼ਰਾਂ ਦੇ ਲਾਂਬੂ ਆਣ ਲਗਾਏ।
ਲੱਖਾਂ ਅੱਖਾਂ ਦੂ ਚਾਨਣ ਬੁਝਾ ਦਿੱਤੇ।
ਝੂਠ ਨਸ਼ੇ ਵਿਚ ਸੀ ਸੱਚ ਦੇ ਸਾਹ ਸੁਕਾਏ।
ਰੂਹ ਪੀਰਾਂ ਫ਼ਕੀਰਾਂ ਦੀ ਕੰਬ ਉੱਠੀ
ਕੌਣ ਇਸ ਨੂੰ ਠੱਲ ਪਾਏ।
ਫਿਰ ਉਠਿਆ ਇਕ ਤੂਫਾਨ ਹਿੰਦ ਵਿਚੋਂ।
ਰੋਕੀ ਇਸ ਦੀ ਨਾ ਰਫ਼ਤਾਰ ਜਾਏ।
ਨਾਰ੍ਹਾ ਇਕੋ ਸੀ ਇਨ੍ਹਾਂ ਦੇ ਹੋਠੋਂ ਉਤੇ।
ਰਹਿਤ ਪਿਆਰੀ ਮੁਝ ਕੋ ਜਾਨ ਪਿਆਰੀ ਨਾਹਿ।

ਕੰਘਾ, ਕੜਾ ਕ੍ਰਿਪਾਨ, ਕਛਿਹਰਾ ਕੇਸ ਅਪਣਾਏ।
ਸੋਹਣੀ ਸਿਰ ਤੇ ਦਸਤਾਰ ਸਜਾਏ।
ਸਿਰ ਦੇ ਕੇ ਜੋ ਅਮ੍ਰਿਤ ਮਿਲਿਆ ਛੱਕ ਕੇ।
ਕਲਗੀਧਰ ਦਾ ਸਿੰਘ ਸੂਰਮਾ ਕਹਾਏ।

ਰਹਿਤ ਨਾ ਜਿਸਨੂੰ ਪਿਆਰੀ ਏ ਨਸ਼ਿਆਂ ਨੇ ਮੱਤ ਮਾਰੀ ਏ।
ਉਹ ਦਸ਼ਮੇਸ਼ ਦਾ ਪੁਤ ਨਾ ਕਹਾਏ।
ਸਾਬਤ ਸੂਰਤ ਦਸਤਾਰ ਸਿਰਾ ਰੂਪ ਖਾਲਸਾ।
ਨਾਮ ਦਾਨ ਪੰਜ ਬਾਣੀਆਂ ਨਿਤਨੇਮ ਕਰਾਏ।
ਸਿਰ ਦੇ ਕੇ ਵੀ ਮੁੱਲ ਮੁੜਨੇ ਨਹੀਂ।
ਦਸ਼ਮੇਸ਼ ਦੀਆਂ ਅਹਿਸਾਨਾਂ ਦੇ ਜਿੰਨੇ ਸਰਬੰਸ ਨੇ ਲੇਖੇ ਲਾਏ।
ਰਹਿਤ ਪਿਆਰੀ ਕਿਵੇਂ ਨਾ ਹੋਵੇ।
ਰਹਿਤ ਪਿਆਰੀ ਮੁਝ ਕੋ ਜਾਨ ਪਿਆਰੀ ਨਾਹਿ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਸੋਸ਼ਲ ਮੀਡੀਆ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ




ਬੀਏ ਵਿੱਚ ਪੜ੍ਹਦੀ ਸੁਜਾਤਾ ਨੂੰ ਹਰ ਵੇਲੇ ਮੋਬਾਈਲ ਵਿੱਚ ਖੁੱਭਿਆ ਵੇਖ ਕੇ ਉਹਦੇ ਮੰਮੀ ਉਹਨੂੰ ਟੋਕਦੇ ਰਹਿੰਦੇ, "ਬੇਟਾ, ਹਮੇਸ਼ਾ ਇਹਦੇ ਵਿੱਚ ਨਾ ਵੜੀ ਰਿਹਾ ਕਰ। ਕਦੇ ਕਿਤਾਬਾਂ ਵੀ ਚੁੱਕ ਲਿਆ ਕਰ। ਪ੍ਰੀਖਿਆ ਵਿੱਚ ਤਾਂ ਪੇਪਰ ਹੀ ਦੇਣਾ ਪੈਣੈ। ਓਥੇ ਮੋਬਾਈਲ ਨਹੀਂ ਲੈ ਕੇ ਜਾਣ ਦੇਣਗੇ।" ਏਸ ਟੋਕਾ-ਟੁਕਾਈ ਤੋਂ ਸੁਜਾਤਾ ਨੂੰ ਬੜੀ ਖਿਝ ਆਉਂਦੀ ਤੇ ਉਹ ਝੱਟ ਜਵਾਬ ਦਿੰਦੀ, "ਮੰਮਾ, ਮੈਂ ਸਟੱਡੀ ਹੀ ਕਰ ਰਹੀ ਹਾਂ। ਕਦੇ-ਕਦਾਈਂ ਹੀ ਕਿਸੇ ਪ੍ਰਸ਼ਨ ਦਾ ਜਵਾਬ ਵੇਖਣ ਲਈ ਮੋਬਾਈਲ ਖੋਲ੍ਹਦੀ ਹਾਂ। ਪਰ ਇਹਦਾ ਇਹ ਮਤਲਬ ਨਹੀਂ ਕਿ ਮੈਂ ਗਲਤ-ਮਲਤ ਚੀਜ਼ਾਂ ਇਹਦੇ ਚੋਂ ਵੇਖਦੀ ਹਾਂ।" ਪਰ ਅਸਲੀਅਤ ਇਹੋ ਸੀ ਕਿ ਉਹ ਮੋਬਾਈਲ ਰਾਹੀਂ ਪੜ੍ਹਾਈ ਘੱਟ ਤੇ ਊਲ-ਜਲੂਲ ਚੀਜ਼ਾਂ ਵੱਧ ਵੇਖਦੀ ਸੀ। ਉਹਦੇ ਮੰਮੀ ਉਸ ਤੇ ਵਿਸ਼ਵਾਸ ਕਰਕੇ ਚੁੱਪ ਕਰ ਜਾਂਦੇ।

ਕਈ ਵਾਰ ਤਾਂ ਮੋਬਾਈਲ ਵਿੱਚ ਖੁੱਭੀ ਸੁਜਾਤਾ ਨੂੰ ਆਪਣੇ ਖਾਣ-ਪੀਣ ਦੀ ਵੀ ਸੁੱਧ ਨਾ ਰਹਿੰਦੀ। ਮੰਮੀ ਅਵਾਜ਼ਾਂ ਮਾਰ ਮਾਰ ਕੇ ਥੱਕ ਜਾਂਦੇ, ਖਾਣਾ ਠੰਡਾ ਹੋ ਜਾਂਦਾ ਤਾਂ ਉਹ ਬਜ਼ਾਰੋਂ ਪੀਜ਼ਾ, ਬਰਗਰ ਜਾਂ ਇਹੋ ਜਿਹਾ ਕੋਈ ਫਾਸਟ ਫੂਡ ਦਾ ਆਨਲਾਈਨ ਆਰਡਰ ਕਰਦੀ ਤੇ ਡਿਲੀਵਰੀ ਵਾਲਾ ਘਰੇ ਆ ਕੇ ਦੇ ਜਾਂਦਾ। ਸੁਜਾਤਾ ਅਜਿਹੇ ਸਮੇਂ ਆਪਣੀ ਫੇਸਬੁਕ ਅਤੇ ਇੰਸਟਾਗ੍ਰਾਮ ਤੇ ਇਨ੍ਹਾਂ ਚੀਜ਼ਾਂ ਦੀਆਂ ਤਸਵੀਰਾਂ ਸਾਂਝੀਆਂ ਕਰਦੀ ਰਹਿੰਦੀ ਤੇ ਉਹਦੇ ਚਾਹੁਣ ਵਾਲੇ ਇਹਨੂੰ ਪਸੰਦ ਕਰਦੇ, ਟਿੱਪਣੀ ਕਰਦੇ ਤਾਂ ਸੁਜਾਤਾ ਨੂੰ ਬੇਅੰਤ ਖੁਸ਼ੀ ਹੁੰਦੀ। ਇਹ ਆਦਤ ਉਹਨੂੰ ਇੱਕ ਨਸ਼ੇ ਵਾਂਗ ਲੱਗ ਗਈ ਸੀ ਤੇ ਇਹਦਾ ਖਤਮ ਹੋਣਾ ਲੱਗਭੱਗ ਅਸੰਭਵ ਸੀ।

ਇੱਕ ਦਿਨ ਸੁਜਾਤਾ ਦੇ ਪਰਿਵਾਰ ਨੂੰ ਇੱਕ ਵਿਆਹ ਦਾ ਸੱਦਾ ਮਿਲਿਆ, ਜੋ ਕਿਸੇ ਹੋਰ ਸ਼ਹਿਰ ਵਿੱਚ ਸੀ। ਸੁਜਾਤਾ ਨੂੰ ਤਾਂ ਇਹੋ ਜਿਹਾ ਮੌਕਾ ਰੱਬ ਦੇਵੇ! ਉਹਨੇ ਝੱਟ ਆਪਣੇ ਨਾਲ ਜੁੜੇ ਦੋਸਤਾਂ ਨੂੰ ਸੋਸ਼ਲ ਮੀਡੀਆ ਰਾਹੀਂ ਸੂਚਿਤ ਕਰ ਦਿੱਤਾ "ਮੈਂ ਆਪਣੀ ਭੈਣ (ਚਾਚਾ ਜੀ ਦੀ ਬੇਟੀ) ਦੀ ਸ਼ਾਦੀ ਤੇ ਜਾ ਰਹੀ ਹਾਂ। ਅੱਜ ਤੋਂ ਬਾਦ ਦੋ ਦਿਨਾਂ ਤੱਕ ਸਾਰਾ ਪਰਿਵਾਰ 200 ਕਿਮੀ ਦੂਰ ਇੱਕ ਵੱਡੇ ਸ਼ਹਿਰ ਵਿੱਚ ਜਾ ਰਿਹਾ ਹੈ, ਜਿਸ ਕਰਕੇ ਮੈਂ ਹੁਣ ਏਥੋਂ ਕੋਈ ਪੋਸਟ ਨਹੀਂ ਪਾਵਾਂਗੀ ਤੇ ਦੂਜੇ ਸ਼ਹਿਰ ਤੋਂ ਵਿਆਹ ਦੇ ਜਸ਼ਨਾਂ ਨੂੰ ਤੁਹਾਡੇ ਨਾਲ ਸਾਂਝਾ ਕਰਾਂਗੀ...।"

ਸੁਜਾਤਾ ਨੇ ਤਾਂ ਆਪਣੀ ਸ਼ਾਨ ਬਣਾਉਣ ਲਈ ਇਹ ਸਭ ਕੀਤਾ ਸੀ, ਪਰ ਹੋਇਆ ਇਹਦੇ ਉਲਟ। ਉਹਦੇ ਦੋਸਤਾਂ ਦੇ ਨਾਲ ਕੁਝ ਹੋਰ ਗਲਤ ਕਿਸਮ ਦੇ ਅਨਸਰ ਵੀ ਜੁੜੇ ਹੋਏ ਸਨ, ਜਿਨ੍ਹਾਂ ਨੂੰ ਸੁਜਾਤਾ ਦੇ ਪਰਿਵਾਰ ਬਾਰੇ ਇਹ ਜਾਣਕਾਰੀ ਮਿਲ ਗਈ ਕਿ ਇਹ ਲੋਕ ਦੋ ਦਿਨਾਂ ਤੱਕ ਏਥੋਂ ਬਾਹਰ ਗਏ ਹਨ। ਉਸ ਰਾਤ ਦਾ ਮੌਸਮ ਵੀ ਚੋਰੀ ਲਈ ਚੰਗਾ ਸੀ ਕਿਉਂਕਿ ਬਹੁਤ ਤੇਜ਼ ਬਾਰਿਸ਼ ਹੋ ਰਹੀ ਸੀ ਤੇ ਆਸਪਾਸ ਦੇ ਲੋਕੀਂ ਆਪੋ ਆਪਣੇ ਘਰਾਂ ਵਿੱਚ ਦੁਬਕੇ ਬੈਠੇ ਸਨ। ਚੋਰਾਂ ਨੇ ਘਰ ਚੋਂ ਨਕਦੀ ਤੇ ਸੋਨਾ ਚੁਰਾਇਆ ਤੇ ਰਫ਼ੂ-ਚੱਕਰ ਹੋ ਗਏ। ਸੋਸ਼ਲ ਮੀਡੀਆ ਨੇ ਸੁਜਾਤਾ ਦੀਆਂ ਜਾਣਕਾਰੀਆਂ ਦਾ ਇਹ ਸਿਲਾ ਦਿੱਤਾ, ਜਿਸਦਾ ਪਰਿਵਾਰ ਨੂੰ ਇੰਨਾ ਵੱਡਾ ਖਮਿਆਜਾ ਭੁਗਤਣਾ ਪਿਆ।